DPV Health®

Your Healthcare
Your Way

Aged Care
Assist

# Aged Care Assist

## ਬਜ਼ੁਰਗ ਦੇਖਭਾਲ (ਏਜਡ ਕੇਅਰ) ਅਤੇ ਹੋਰ ਸਹਾਇਤਾ ਸੇਵਾਵਾਂ ਤੱਕ ਪਹੁੰਚ ਕਰਨ ਲਈ ਸਾਡੇ ਬਜ਼ੁਰਗਾਂ ਦੀ ਸਹਾਇਤਾ ਕਰ ਰਿਹਾ ਹੈ

ਕੀ ਤੁਹਾਨੂੰ ਜਾਂ ਤੁਹਾਡੇ ਕਿਸੇ ਜਾਣਕਾਰ ਨੂੰ ਬਜ਼ੁਰਗ ਦੇਖਭਾਲ ਸੇਵਾਵਾਂ ਪ੍ਰਾਪਤ ਕਰਨ ਲਈ My Aged Care (ਮਾਈ ਏਜਡ ਕੇਅਰ) ਲਈ ਰਜਿਸਟਰ ਕਰਨ ਲਈ ਸਹਾਇਤਾ ਦੀ ਲੋੜ ਹੈ?

## Aged Care Assist ਕੀ ਹੈ?

Aged Care Assist (ਏਜਡ ਕੇਅਰ ਅਸਿਸਟ) ਬਜ਼ੁਰਗ ਲੋਕਾਂ ਦੀ ਮਾਈ ਏਜਡ ਕੇਅਰ, Home Care Packages (ਹੋਮ ਕੇਅਰ ਪੈਕੇਜ) ਅਤੇ ਹੋਰ ਸੇਵਾਵਾਂ ਲੈਣ ਵਿੱਚ ਮੱਦਦ ਕਰਨ ਲਈ ਵਿਅਕਤੀਗਤ ਰੂਪ ਵਿੱਚ ਅਤੇ ਘਰ ਜਾ ਕੇ ਤੀਬਰ ਰੂਪ ਨਾਲ ਸਹਾਇਤਾ ਪ੍ਰਦਾਨ ਕਰਦਾ ਹੈ।

DPV Health ਨੂੰ City of Whittlesea ਅਤੇ Mitchell Shire ਕਮਿਊਨਿਟੀਆਂ ਦੇ ਅੰਦਰ Aged Care Assist ਚਲਾਉਣ ਲਈ ਸਰਕਾਰ ਦੁਆਰਾ ਮਾਲੀ ਸਹਾਇਤਾ ਦਿੱਤੀ ਗਈ ਹੈ।

## Care Finder (ਕੇਅਰ ਫਾਈਂਡਰ) ਕੀ ਕਰਦਾ ਹੈ?

ਹੇਠ ਲਿਖੀਆਂ ਕਾਰਵਾਈਆਂ ਕੁੱਝ ਕੁ ਮੁੱਖ ਸਹਾਇਤਾ ਦੀ ਰੂਪਰੇਖਾ ਦੱਸਦੀਆਂ ਹਨ ਜੋ ਕੇਅਰ ਫਾਈਂਡਰ ਪ੍ਰਦਾਨ ਕਰ ਸਕਦਾ ਹੈ। ਕਿਉਂਕਿ ਇਹ ਪ੍ਰੋਗਰਾਮ ਹਰੇਕ ਵਿਅਕਤੀ ਦੀਆਂ ਆਪਣੀਆਂ ਲੋੜਾਂ 'ਤੇ ਅਧਾਰਿਤ ਹੁੰਦਾ ਹੈ, ਇਸ ਲਈ ਕੇਅਰ ਫਾਈਂਡਰ ਇਨ੍ਹਾਂ ਕਾਰਵਾਈਆਂ ਦਾ ਸੁਮੇਲ ਪ੍ਰਦਾਨ ਕਰ ਸਕਦਾ ਹੈ ਜਾਂ ਇਸਤੋਂ ਇਲਾਵਾ ਵੀ ਵਾਧੂ ਸਹਾਇਤਾ ਦੀ ਪੇਸ਼ਕਸ਼ ਕਰ ਸਕਦਾ ਹੈ।

**ਮੱਦਦ** ਲੋਕਾਂ ਦੀ ਬਜ਼ੁਰਗਾਂ ਦੀ ਦੇਖਭਾਲ ਅਤੇ ਹੋਰ ਸਹਾਇਤਾ ਸੇਵਾਵਾਂ ਨੂੰ ਸਮਝਣ ਅਤੇ ਉਹਨਾਂ ਤੱਕ ਪਹੁੰਚ ਕਰਨ ਵਿੱਚ।

**ਗੱਲਬਾਤ** ਤੁਹਾਡੀ ਤਰਫੋਂ ਮਾਈ ਏਜਡ ਕੇਅਰ ਅਤੇ ਹੋਰ ਸਹਾਇਤਾ ਕਰਨ ਵਾਲੇ ਲੋਕਾਂ ਨਾਲ। ਮਾਈ ਏਜਡ ਕੇਅਰ ਨਾਲ ਮੁਲਾਂਕਣ ਦਾ ਪ੍ਰਬੰਧ ਕਰ ਸਕਦਾ ਹੈ।

**ਦੌਰਾ** ਅਤੇ ਮੁਲਾਕਾਤ ਤੁਹਾਡੇ ਨਾਲ ਇਸ ਪ੍ਰਕਿਰਿਆ ਬਾਰੇ ਗੱਲ ਕਰਨ ਲਈ ਘਰ ਜਾਂ ਤੁਹਾਡੀ ਪਸੰਦ ਦੀ ਕਿਸੇ ਹੋਰ ਸੁਵਿਧਾਜਨਕ ਥਾਂ 'ਤੇ। ਮਾਈ ਏਜਡ ਕੇਅਰ ਮੁਲਾਂਕਣ ਦੌਰਾਨ ਉਪਲਬਧ ਰਹੇਗਾ।

**ਲੱਭੇਗਾ** ਅਤੇ ਛਾਂਟੇਗਾ ਤੁਹਾਡੀ ਇਲਾਕੇ ਵਿੱਚ ਉਪਲਬਧ ਬਜ਼ੁਰਗ ਦੇਖਭਾਲ ਪ੍ਰਦਾਤਾਵਾਂ ਨੂੰ।

**ਭਰਨ** ਕਿਸੇ ਵੀ ਫਾਰਮ ਨੂੰ ਭਰਨ ਅਤੇ ਬਜ਼ੁਰਗ ਦੇਖਭਾਲ ਸੇਵਾ ਸਮਝੌਤਿਆਂ ਨੂੰ ਸਮਝਣ ਵਿੱਚ ਤੁਹਾਡੀ ਮੱਦਦ ਕਰੇਗਾ।

**ਚੈੱਕ-ਇਨ** ਸੇਵਾਵਾਂ ਸ਼ੁਰੂ ਹੋਣ ਅਤੇ ਚੱਲਣ ਤੋਂ ਬਾਅਦ ਇਹ ਯਕੀਨੀ ਬਣਾਉਣ ਲਈ ਕਿ ਸਭ ਕੁੱਝ ਠੀਕ ਹੈ।

**ਤੁਹਾਡੀ ਸਹਾਇਤਾ** ਰਸਤੇ ਵਿਚਲੀਆਂ ਹੋਰ ਚੁਣੌਤੀਆਂ ਨੂੰ ਹੱਲ ਕਰਨ ਵਿੱਚ।



ਹੋਰ ਜਾਣਕਾਰੀ ਲਈ ਸਾਡੀ Aged Care Assist ਟੀਮ ਨੂੰ **0438 849 400** 'ਤੇ ਫ਼ੋਨ ਕਰੋ।

**Punjabi | ਪੰਜਾਬੀ**



## ਇਸ ਸੇਵਾ ਤੋਂ ਕੌਣ ਲਾਭ ਉਠਾ ਸਕਦਾ ਹੈ?

Aged Care Assist ਉਹਨਾਂ ਲੋਕਾਂ ਦੀ ਸਹਾਇਤਾ ਲਈ ਤਿਆਰ ਕੀਤਾ ਗਿਆ ਹੈ ਜਿਨ੍ਹਾਂ ਕੋਲ:

- ਪਰਿਵਾਰ ਜਾਂ ਸਹਾਇਤਾ ਨੈੱਟਵਰਕ ਤੱਕ ਸੀਮਤ ਪਹੁੰਚ ਹੈ
- ਗੱਲਬਾਤ ਕਰਨ ਅਤੇ ਭਾਸ਼ਾ ਸੰਬੰਧੀ ਰੁਕਾਵਟਾਂ ਹਨ
- ਜਾਣਕਾਰੀ ਨੂੰ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ
- ਜੋ ਸਹਾਇਤਾ ਸੇਵਾ ਨਾਲ ਜੁੜਨ ਤੋਂ ਝਿਜਕਦੇ ਹਨ
- ਜੋ ਸਰਕਾਰੀ ਸੇਵਾਵਾਂ ਨਾਲ ਜੁੜਨ ਤੋਂ ਝਿਜਕਦੇ ਹਨ

## ਫ਼ੀਸਾਂ

Aged Care Assist ਇੱਕ ਮੁਫ਼ਤ ਸੇਵਾ ਹੈ।

## ਦੁਭਾਸ਼ੀਆ ਸੇਵਾਵਾਂ ਤੱਕ ਪਹੁੰਚ

ਅਸੀਂ ਉਹਨਾਂ ਸਾਰੇ ਗਾਹਕਾਂ ਨੂੰ ਮੁਫ਼ਤ ਦੁਭਾਸ਼ੀਏ ਤੱਕ ਪਹੁੰਚ ਦੀ ਪੇਸ਼ਕਸ਼ ਕਰਦੇ ਹਾਂ ਜਿਨ੍ਹਾਂ ਨੂੰ ਇਸਦੀ ਲੋੜ ਹੈ। ਇਸ ਸੇਵਾ ਦਾ ਤਾਲਮੇਲ ਤੁਹਾਡੇ DPV Health ਸ਼ਮੂਲੀਅਤ ਅਫ਼ਸਰ ਦੁਆਰਾ ਕੀਤਾ ਜਾਵੇਗਾ।

## ਇਸ ਸੇਵਾ ਦੀ ਵਰਤੋਂ ਕੌਣ ਕਰ ਸਕਦਾ ਹੈ

ਤੁਹਾਨੂੰ Aged Care Assist ਸੇਵਾ ਲਈ ਅਰਜ਼ੀ ਦੇਣੀ ਚਾਹੀਦੀ ਹੈ:

- ਜੇਕਰ ਤੁਹਾਡੀ ਉਮਰ 65 ਸਾਲ ਜਾਂ ਇਸ ਤੋਂ ਵੱਧ ਹੈ (ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਲਈ 50 ਸਾਲ ਜਾਂ ਇਸ ਤੋਂ ਵੱਧ)।
- ਜੇਕਰ ਤੁਸੀਂ 50 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋ (ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਲਈ 45 ਸਾਲ ਜਾਂ ਇਸ ਤੋਂ ਵੱਧ ਉਮਰ ਦੇ) ਅਤੇ ਘੱਟ ਆਮਦਨ ਵਾਲੇ ਹੋ ਅਤੇ ਬੇਘਰ ਹੋ ਜਾਂ ਬੇਘਰ ਹੋਣ ਦੇ ਜ਼ੋਖਮ 'ਤੇ ਹੋ।
- ਜੇਕਰ ਤੁਹਾਨੂੰ ਬਹੁਤ ਜ਼ਿਆਦਾ ਸਹਾਇਤਾ ਦੀ ਲੋੜ ਹੈ, ਤਾਂ ਮਾਈ ਏਜਡ ਕੇਅਰ ਨਾਲ ਗੱਲਬਾਤ ਕਰੋ, ਬਜ਼ੁਰਗ ਦੇਖਭਾਲ ਸੇਵਾਵਾਂ ਤੱਕ ਪਹੁੰਚ ਕਰੋ ਜਾਂ ਕਮਿਊਨਿਟੀ ਵਿੱਚ ਹੋਰ ਸੰਬੰਧਿਤ ਸਹਾਇਤਾ ਸੇਵਾਵਾਂ ਤੱਕ ਪਹੁੰਚ ਕਰੋ।
- ਜੇਕਰ ਤੁਸੀਂ ਕਿਸੇ ਅਜਿਹੇ ਵਿਅਕਤੀ ਦੀ ਦੇਖਭਾਲ ਕਰਦੇ ਹੋ ਜੋ ਉਪਰੋਕਤ ਯੋਗਤਾਵਾਂ ਵਿੱਚੋਂ ਇੱਕ ਜਾਂ ਇੱਕ ਤੋਂ ਵੱਧ ਨੂੰ ਪੂਰਾ ਕਰਦਾ ਹੈ।

## ਅਪੋਇੰਟਮੈਂਟ ਕਿਵੇਂ ਬੁੱਕ ਕਰਨੀ ਹੈ

ਸਾਡੇ ਕਿਸੇ ਦੋਸਤਾਨਾ 'ਕੇਅਰ ਫਾਈਂਡਰ' ਨਾਲ ਗੱਲ ਕਰਨ ਲਈ ਸਮਾਂ ਤੈਅ ਕਰਨ ਲਈ:

ਸਾਡੀ Aged Care Assist ਟੀਮ ਦੇ ਸਿੱਧੇ ਨੰਬਰ 'ਤੇ ਫ਼ੋਨ ਕਰੋ **0438 849 400** ਜਾਂ **agedcareassist@dpvhealth.org.au** 'ਤੇ ਈਮੇਲ ਕਰੋ

ਇਸ ਬਾਰੇ ਹੋਰ ਜਾਣਕਾਰੀ ਲਈ ਕਿ DPV Health ਤੁਹਾਡੀ ਕਿਵੇਂ ਸਹਾਇਤਾ ਕਰ ਸਕਦੀ ਹੈ ਇੱਥੇ ਜਾਓ:

**www.dpvhealth.org.au/aged-care-assist**

0438 849 400

dpvhealth.org.au

agedcareassist@dpvhealth.org.au

REFUGEE

DPV Health Wurundjeri ਲੋਕਾਂ ਦੇ ਪਰੰਪਰਾਗਤ ਸਰਪ੍ਰਸਤਾਂ, ਬਜ਼ੁਰਗਾਂ ਅਤੇ ਜ਼ਮੀਨਾਂ ਨੂੰ ਸਵੀਕਾਰ ਕਰਦਾ ਹੈ। DPV Health ਸਾਡੀਆਂ ਸੇਵਾਵਾਂ ਵਿੱਚ ਸ਼ਾਮਲ ਸਾਰੇ ਬੱਚਿਆਂ ਦੇ ਸਰਵੋਤਮ ਹਿੱਤਾਂ ਨੂੰ ਉਤਸ਼ਾਹਿਤ ਕਰਨ ਅਤੇ ਉਹਨਾਂ ਦੀ ਸੁਰੱਖਿਆ ਕਰਨ ਲਈ ਵਿਕਟੋਰੀਅਨ ਚਾਈਲਡ ਸੇਫ਼ ਸਟੈਂਡਰਡਜ਼ ਨੂੰ ਆਪਣੀ ਨੀਤੀ ਅਤੇ ਅਭਿਆਸ ਵਿੱਚ ਲਾਗੂ ਕਰਨ ਲਈ ਵਚਨਬੱਧ ਹੈ।

Aged Care Assist ਸੰਸਕਰਣ 1 17/04/2023 ਨੂੰ ਅਪਡੇਟ ਕੀਤਾ ਗਿਆ